ਮਿੱਠੇ ਬੱਚੇ:- ਜਿਵੇਂ ਬਾਪ ਅਤੇ ਦਾਦਾ ਦੋਵੇਂ ਹੀ ਨਿਰਹੰਕਾਰੀ ਹਨ , ਨਿਸ਼ਕਾਮ ਸੇਵਾ ਕਰਦੇ , ਆਪਣੇ ਲਈ ਕੋਈ ਲੋਭ ਨਹੀਂ ਹੈ - ਇਵੇਂ ਤੁਸੀਂ ਬੱਚੇ ਵੀ ਬਾਪ ਸਮਾਨ ਬਣੋ "

ਪ੍ਰਸ਼ਨ:- ਗਰੀਬ ਨਿਵਾਜ਼ ਬਾਪ ਗਰੀਬ ਬੱਚਿਆਂ ਦੀ ਤਕਦੀਰ ਕਿਸ ਆਧਾਰ ਤੇ ਉੱਚ ਬਣਾਉਂਦੇ ਹਨ?

ਉੱਤਰ:- ਬਾਪ ਕਹਿੰਦੇ ਹਨ - ਬੱਚੇ, ਘਰ ਵਿੱਚ ਰਹਿੰਦੇ ਸਭ ਕੁਝ ਸੰਭਾਲਦੇ ਸਦਾ ਬੁੱਧੀ ਨਾਲ ਇਹ ਸਮਝੋ ਕਿ ਇਹ ਸਭ ਕੁਝ ਬਾਬਾ ਦਾ ਹੈ। ਟਰੱਸਟੀ ਹੋਕੇ ਰਹੋ ਤਾਂ ਤਕਦੀਰ ਉੱਚੀ ਬਣ ਜਾਵੇਗੀ। ਇਸ ਵਿੱਚ ਬੜੀ ਸੱਚਾਈ ਚਾਹੀਦੀ ਹੈ। ਪੂਰਾ ਨਿਸ਼ਚੈ ਹੋਵੇ ਤਾਂ ਜਿਵੇਂ ਕਿ ਯੱਗ ਤੋਂ ਪਾਲਣਾ ਹੁੰਦੀ ਰਹੇਗੀ। ਘਰ ਵਿੱਚ ਟਰੱਸਟੀ ਹੋਕੇ ਸ਼ਿਵਬਾਬਾ ਦੇ ਭੰਡਾਰੇ ਤੋਂ ਖਾਂਦੇ ਹਾਂ। ਬਾਬਾ ਨੂੰ ਸਭ ਸੱਚ ਦੱਸਣਾ ਪਵੇ।

ਓਮ ਸ਼ਾਂਤੀ। ਭਗਤੀ ਮਾਰਗ ਦੇ ਸਤਿਸੰਗ ਨਾਲੋਂ ਇਹ ਗਿਆਨ ਮਾਰਗ ਦਾ ਸਤਿਸੰਗ ਵਚਿੱਤਰ ਹੈ। ਤੁਹਾਨੂੰ ਭਗਤੀ ਦਾ ਅਨੁਭਵ ਤਾਂ ਹੈ। ਜਾਣਦੇ ਹੋ ਅਨੇਕਾਂਨੇਕ ਸਾਧੂ - ਸੰਤ ਭਗਤੀ ਮਾਰਗ ਦੇ ਸ਼ਾਸਤਰ ਆਦਿ ਸੁਣਾਉਂਦੇ ਹਨ। ਇਥੇ ਤਾਂ ਬਿਲਕੁੱਲ ਹੀ ਉਸ ਨਾਲੋਂ ਵੱਖ ਹੈ। ਇੱਥੇ ਤੁਸੀਂ ਕਿਸ ਦੇ ਸਾਹਮਣੇ ਬੈਠੇ ਹੋ? ਡਬਲ ਬਾਪ ਅਤੇ ਮਾਂ। ਉੱਥੇ ਤਾਂ ਇਵੇਂ ਨਹੀਂ ਹੈ। ਤੁਸੀਂ ਜਾਣਦੇ ਹੋ ਇੱਥੇ ਬੇਹੱਦ ਦਾ ਬਾਪ ਵੀ ਹੈ, ਮੰਮਾ ਵੀ ਹੈ, ਛੋਟੀ ਮੰਮਾ ਵੀ ਹੈ। ਇੰਨੇ ਸਭ ਸੰਬੰਧ ਹੋ ਜਾਂਦੇ ਹਨ। ਉੱਥੇ ਤਾਂ ਇਵੇਂ ਦਾ ਕੋਈ ਸੰਬੰਧ ਨਹੀਂ ਹੈ। ਨਾਂ ਕੋਈ ਉਹ ਫੋਲੋਵਰਸ ਹੀ ਹਨ। ਉਹ ਤਾਂ ਹੈ ਨਵ੍ਰਿਤੀ ਮਾਰਗ(ਘਰ ਬਾਰ ਛੱਡਣ ਵਾਲਾ ਮਾਰਗ)। ਉਨ੍ਹਾਂ ਦਾ ਧਰਮ ਹੀ ਵੱਖ ਹੈ। ਤੁਹਾਡਾ ਧਰਮ ਹੀ ਵੱਖ ਹੈ। ਰਾਤ ਦਿਨ ਦਾ ਫ਼ਰਕ ਹੈ। ਇਹ ਵੀ ਤੁਸੀਂ ਜਾਣਦੇ ਹੋ - ਲੌਕਿਕ ਬਾਪ ਤੋਂ ਥੋੜਾ ਸਮਾਂ ਥੋੜਾ ਜਿਹਾ ਸੁੱਖ ਇਕ ਜਨਮ ਦੇ ਲਈ ਮਿਲੇਗਾ। ਫਿਰ ਨਵਾਂ ਬਾਪ ਨਵੀ ਗੱਲ। ਇੱਥੇ ਤਾਂ ਲੌਕਿਕ ਵੀ ਹੈ, ਪਾਰਲੌਕਿਕ ਵੀ ਹੈ ਅਤੇ ਫਿਰ ਅਲੌਕਿਕ ਵੀ ਹੈ। ਲੌਕਿਕ ਤੋਂ ਵੀ ਵਰਸਾ ਮਿਲਦਾ ਹੈ ਅਤੇ ਪਾਰਲੌਕਿਕ ਤੋਂ ਵੀ ਵਰਸਾ ਮਿਲਦਾ ਹੈ। ਬਾਕੀ ਇਹ ਅਲੌਕਿਕ ਬਾਪ ਹੈ ਵੰਡਰਫੁੱਲ, ਇਸ ਤੋਂ ਕੋਈ ਵਰਸਾ ਨਹੀਂ ਮਿਲਦਾ ਹੈ। ਹਾਂ, ਇਨ੍ਹਾਂ ਦੁਆਰਾ ਸ਼ਿਵਬਾਬਾ ਵਰਸਾ ਦਿੰਦੇ ਹਨ ਇਸਲਈ ਉਸ ਪਾਰਲੌਕਿਕ ਬਾਪ ਨੂੰ ਬੜਾ ਯਾਦ ਕਰਦੇ ਹਨ। ਲੌਕਿਕ ਨੂੰ ਵੀ ਯਾਦ ਕਰਦੇ ਹਨ। ਬਾਕੀ ਇਸ ਅਲੌਕਿਕ ਬ੍ਰਹਮਾ ਬਾਪ ਨੂੰ ਕੋਈ ਯਾਦ ਨਹੀਂ ਕਰਦੇ ਹਨ। ਤੁਸੀਂ ਜਾਣਦੇ ਹੋ ਇਹ ਹੈ ਪ੍ਰਜਾਪਿਤਾ, ਇਹ ਕੋਈ ਇੱਕ ਦਾ ਪਿਤਾ ਨਹੀਂ ਹੈ। ਪ੍ਰਜਾਪਿਤਾ ਗ੍ਰੇਟ-ਗ੍ਰੇਟ ਗ੍ਰੈਂਡ ਫਾਦਰ ਹੈ। ਸ਼ਿਵਬਾਬਾ ਨੂੰ ਗ੍ਰੇਟ-ਗ੍ਰੇਟ ਗ੍ਰੈਂਡ ਫਾਦਰ ਨਹੀਂ ਕਹਿੰਦੇ ਹਨ। ਲੌਕਿਕ ਸੰਬੰਧ ਵਿੱਚ ਲੌਕਿਕ ਫਾਦਰ ਅਤੇ ਗ੍ਰੈਂਡ ਫਾਦਰ ਹੁੰਦਾ ਹੈ। ਇਹ ਹੈ ਗ੍ਰੇਟ-ਗ੍ਰੇਟ ਗ੍ਰੈਂਡ ਫਾਦਰ। ਇਵੇਂ ਨਾਂ ਲੌਕਿਕ ਨੂੰ, ਨਾਂ ਪਾਰਲੌਕਿਕ ਨੂੰ ਕਹਾਂਗੇ। ਹੁਣ ਇਵੇਂ ਗ੍ਰੇਟ-ਗ੍ਰੇਟ ਗ੍ਰੈਂਡ ਫਾਦਰ ਤੋਂ ਫਿਰ ਵਰਸਾ ਮਿਲਦਾ ਨਹੀਂ ਹੈ। ਇਹ ਸਭ ਗੱਲਾਂ ਬਾਪ ਬੈਠ ਸਮਝਾਉਂਦੇ ਹਨ। ਭਗਤੀ ਮਾਰਗ ਦੀ ਗੱਲ ਤਾਂ ਨਿਆਰੀ ਹੀ ਹੈ। ਡਰਾਮਾ ਵਿੱਚ ਇਹ ਵੀ ਪਾਰਟ ਹੈ ਜੋ ਫਿਰ ਚੱਲਦਾ ਰਹੇਗਾ। ਬਾਪ ਦੱਸਦੇ ਹਨ ਤੁਸੀਂ ਕਿਵੇਂ 84 ਜਨਮ ਲਏ ਹਨ, 84 ਲੱਖ ਨਹੀਂ। ਬਾਪ ਆਕੇ ਹੁਣ ਸਾਨੂੰ ਸਾਰੀ ਦੁਨੀਆਂ ਅਤੇ ਸਾਨੂੰ ਰਾਈਟੀਅਸ ਬਣਾਉਂਦੇ ਹਨ। ਇਸ ਵੇਲੇ ਧਰਮਾਤਮਾ ਕੋਈ ਬਣਦਾ ਨਹੀਂ ਹੈ। ਪੁੰਨ ਆਤਮਾਵਾਂ ਦੀ ਦੁਨੀਆਂ ਹੀ ਵੱਖਰੀ ਹੈ। ਜਿਥੇ ਪਾਪ ਆਤਮਾਵਾਂ ਰਹਿੰਦੀਆਂ ਹਨ ਉੱਥੇ ਪੁੰਨ ਆਤਮਾਵਾਂ ਨਹੀਂ ਰਹਿੰਦੀਆਂ ਹਨ। ਇੱਥੇ ਪਾਪ ਆਤਮਾਵਾਂ, ਪਾਪ ਆਤਮਾਵਾਂ ਨੂੰ ਹੀ ਦਾਨ ਪੁੰਨ ਕਰਦੀਆਂ ਹਨ। ਪੁੰਨ ਆਤਮਾਵਾਂ ਦੀ ਦੁਨੀਆਂ ਵਿੱਚ ਦਾਨ ਪੁੰਨ ਆਦਿ ਕਰਨ ਦੀ ਜ਼ਰੂਰਤ ਨਹੀਂ ਹੈ। ਉੱਥੇ ਇਹ ਗਿਆਨ ਨਹੀਂ ਰਹਿੰਦਾ ਕਿ ਅਸੀਂ ਸੰਗਮ ਤੇ 21 ਜਨਮਾਂ ਦਾ ਵਰਸਾ ਲਿਆ ਹੈ। ਨਹੀਂ, ਇਹ ਗਿਆਨ ਇੱਥੇ ਬੇਹੱਦ ਦੇ ਬਾਪ ਤੋਂ ਤੁਹਾਨੂੰ ਮਿਲਦਾ ਹੈ, ਜਿਸ ਨਾਲ 21 ਜਨਮਾਂ ਦੇ ਲਈ ਸਦਾ ਸੁੱਖ, ਹੈਲਥ, ਵੈਲਥ ਸਭ ਮਿਲ ਜਾਂਦਾ ਹੈ। ਉੱਥੇ ਤੁਹਾਡੀ ਉੱਮਰ ਵੱਧ ਹੁੰਦੀ ਹੈ। ਨਾਮ ਹੀ ਹੈ ਅਮਰਪੁਰੀ। ਕਹਿੰਦੇ ਹਨ ਸ਼ੰਕਰ ਨੇ ਪਾਰਵਤੀ ਨੂੰ ਕਥਾ ਸੁਣਾਈ। ਸੂਖਸ਼ਮਵਤਨ ਵਿੱਚ ਤਾਂ ਇਹ ਗੱਲਾਂ ਹੁੰਦੀਆਂ ਨਹੀਂ ਹਨ। ਉਹ ਵੀ ਅਮਰਕਥਾ ਇੱਕ ਨੂੰ ਥੋੜੀ ਸੁਣਾਈ ਜਾਂਦੀ ਹੈ। ਇਹ ਹਨ ਭਗਤੀ ਮਾਰਗ ਦੀਆਂ ਗੱਲਾਂ, ਜਿਸ ਤੇ ਅਜੇ ਤੱਕ ਖੜੇ ਹਾਂ। ਸਭ ਤੋਂ ਵੱਡਾ ਗਪੋੜਾਂ ਹੈ ਈਸ਼ਵਰ ਨੂੰ ਸਰਵਵਿਆਪੀ ਕਹਿਣਾ। ਇਹ ਡੀਫੇਮ(ਬਦਨਾਮ) ਕਰਦੇ ਹਨ। ਬੇਹੱਦ ਦਾ ਬਾਪ ਜੋ ਤੁਹਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ ਉਨ੍ਹਾਂ ਦੇ ਲਈ ਕਹਿੰਦੇ ਹਨ ਸਰਵਵਿਆਪੀ ਹੈ, ਠਿਕੱਰ-ਭਿੱਤਰ, ਕਣ-ਕਣ ਵਿੱਚ ਹੈ। ਆਪਣੇ ਤੋਂ ਵੀ ਜ਼ਿਆਦਾ ਗਲਾਨੀ ਕਰ ਦਿੱਤੀ ਹੈ। ਮੈਂ ਤੁਹਾਡੀ ਕਿੰਨੀ ਨਿਸ਼ਕਾਮ ਸੇਵਾ ਕਰਦਾ ਹਾਂ। ਮੈਨੂੰ ਕੋਈ ਲੋਭ ਨਹੀਂ ਹੈ ਕਿ ਪਹਿਲਾ ਨੰਬਰ ਬਣਾ। ਨਹੀਂ। ਹੋਰਾਂ ਨੂੰ ਬਣਾਉਣ ਦਾ ਰਹਿੰਦਾ ਹੈ। ਇਸਨੂੰ ਕਿਹਾ ਜਾਂਦਾ ਹੈ ਨਿਸ਼ਕਾਮ ਸੇਵਾ।

ਤੁਹਾਨੂੰ ਬੱਚਿਆਂ ਨੂੰ ਨਮਸਤੇ ਕਰਦੇ ਹਨ। ਬਾਬਾ ਕਿੰਨਾ ਨਿਰਾਕਾਰ, ਨਿਰਹੰਕਾਰੀ ਹੈ, ਕੋਈ ਹੰਕਾਰ ਨਹੀਂ ਹੈ। ਕਪੜੇ ਆਦਿ ਵੀ ਉਹ ਹੀ ਹਨ। ਕੁਝ ਵੀ ਬਦਲਦਾ ਨਹੀਂ ਹੈ। ਨਹੀਂ ਤਾਂ ਉਹ ਲੋਕ ਸਾਰੀ ਡ੍ਰੈਸ ਬਦਲੀ ਕਰਦੇ ਹਨ। ਇਨ੍ਹਾਂ ਦੀ ਡਰੈਸ ਉਹ ਹੀ ਸਾਧਾਰਨ ਹੈ। ਆਫੀਸਰਸ (ਅਧਿਕਾਰੀ) ਦੀ ਡਰੈਸ ਵੀ ਬਦਲਾਉਂਦੇ ਹਨ, ਇਨ੍ਹਾਂ ਦਾ ਤਾਂ ਉਹ ਹੀ ਸਾਧਾਰਨ ਪਹਿਨਾਵਾ ਹੈ। ਕੋਈ ਫ਼ਰਕ ਨਹੀਂ ਹੈ। ਬਾਪ ਵੀ ਕਹਿੰਦੇ ਹਨ ਮੈਂ ਸਾਧਾਰਨ ਤਨ ਲੈਂਦਾ ਹਾਂ। ਉਹ ਵੀ ਕਿਹੜਾ? ਜੋ ਖੁਦ ਹੀ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਕਿ ਅਸੀਂ ਕਿੰਨੇ ਪੁਨਰਜਨਮ ਲੈਂਦੇ ਹਾਂ। ਉਹ ਤਾਂ 84 ਲੱਖ ਕਹਿ ਦਿੰਦੇ ਹਨ। ਸੁਣੀਆਂ ਸੁਣਾਈਆਂ ਗੱਲਾਂ ਹਨ। ਇਸ ਵਿੱਚ ਫਾਇਦਾ ਕੁਝ ਵੀ ਨਹੀਂ ਹੈ। ਡਰਾਉਂਦੇ ਹਨ ਕਿ - ਇਵੇਂ ਦਾ ਕੰਮ ਕੀਤਾ ਤਾਂ ਗਧਾ, ਕੁੱਤਾ ਆਦਿ ਬਣੋਗੇ, ਗਾਂ ਦੀ ਪੂਛ ਫੜਨ ਨਾਲ ਤਰ ਜਾਓਗੇ। ਹੁਣ ਗਾਂ ਕਿਥੋਂ

ਆਈ? ਸਵਰਗ ਦੀਆਂ ਗਾਵਾਂ ਹੀ ਵੱਖ ਹੁੰਦੀਆਂ ਹਨ। ਓਥੋਂ ਦੀਆਂ ਗਾਵਾਂ ਬੜੀਆਂ ਫਸਟ ਕਲਾਸ ਹੁੰਦੀਆਂ ਹਨ। ਜਿਵੇ ਤੁਸੀਂ 100 ਪਰਸੈਂਟ ਸੰਪੂਰਨ, ਤਾਂ ਗਾਂਵਾਂ ਵੀ ਇਵੇਂ ਦੀਆਂ ਫ਼ਸਟ ਕਲਾਸ ਹੁੰਦੀਆਂ ਹਨ। ਸ਼੍ਰੀਕ੍ਰਿਸ਼ਨ ਕੋਈ ਗਾਂ ਨਹੀਂ ਚਰਾਉਂਦੇ ਹਨ। ਉਸਨੂੰ ਕੀ ਪਈ ਹੈ। ਇਹ ਓਥੋਂ ਦੀ ਬਿਊਟੀ ਦਿਖਾਉਂਦੇ ਹਨ। ਬਾਕੀ ਇਵੇਂ ਨਹੀਂ ਕਿ ਸ਼੍ਰੀਕ੍ਰਿਸ਼ਨ ਨੇ ਕੋਈ ਗਾਵਾਂ ਪਾਲੀਆਂ ਹਨ। ਸ਼੍ਰੀਕ੍ਰਿਸ਼ਨ ਨੂੰ ਗਵਾਲਾ ਬਣਾ ਦਿੱਤਾ ਹੈ। ਕਿਥੇ ਉਹ ਸਰਵਗੁਣ ਸੰਪੰਨ, ਸਤਿਯੁੱਗ ਦਾ ਫਸਟ ਪ੍ਰਿੰਸ ਅਤੇ ਕਿਥੇ ਗਵਾਲਾ! ਕੁਝ ਵੀ ਸਮਝਦੇ ਨਹੀਂ ਹਨ ਕਿਉਂਕਿ ਦੇਵਤਾ ਧਰਮ ਤਾਂ ਹੁਣ ਨਹੀਂ ਹੈ। ਇਹ ਇੱਕ ਹੀ ਧਰਮ ਹੈ ਜਿਹੜਾ ਪ੍ਰਾਏ ਲੋਪ ਹੋ ਜਾਂਦਾ ਹੈ। ਇਹ ਗੱਲਾਂ ਕੋਈ ਸ਼ਾਸਤਰਾਂ ਵਿੱਚ ਨਹੀਂ ਹਨ। ਬਾਪ ਕਹਿੰਦੇ ਹਨ ਇਹ ਗਿਆਨ ਮੈਂ ਤੁਹਾਨੂੰ ਬੱਚਿਆਂ ਨੂੰ ਦਿੰਦਾ ਹਾਂ - ਵਿਸ਼ਵ ਦਾ ਮਾਲਿਕ ਬਣਾਉਣ ਦੇ ਲਈ। ਮਾਲਿਕ ਬਣ ਗਏ ਫਿਰ ਗਿਆਨ ਦੀ ਜ਼ਰੂਰਤ ਨਹੀਂ ਹੈ। ਗਿਆਨ ਹਮੇਸ਼ਾ ਅਗਿਆਨੀਆਂ ਨੂੰ ਦਿੱਤਾ ਜਾਂਦਾ ਹੈ। ਗਾਇਨ ਵੀ ਹੈ ਗਿਆਨ ਸੂਰਜ ਪ੍ਰਗਟਿਆ, ਅਗਿਆਨ ਹਨੇਰ ਵਿਨਾਸ਼... ਹੁਣ ਬੱਚੇ ਜਾਣਦੇ ਹਨ ਸਾਰੀ ਦੁਨੀਆਂ ਹਨੇਰੇ ਵਿੱਚ ਹੈ। ਕਿੰਨੇ ਢੇਰ ਸਤਿਸੰਗ ਹਨ। ਇਹ ਕੋਈ ਭਗਤੀ ਮਾਰਗ ਨਹੀਂ ਹੈ। ਇਹ ਹੈ ਸਦਗਤੀ ਮਾਰਗ। ਇੱਕ ਬਾਪ ਹੀ ਸਦਗਤੀ ਕਰਦਾ ਹੈ। ਤੁਸੀਂ ਭਗਤੀ ਮਾਰਗ ਵਿੱਚ ਬੁਲਾਇਆ ਹੈ ਕਿ ਤੁਸੀਂ ਆਵੋਗੇ ਤਾਂ ਅਸੀਂ ਤੁਹਾਡੇ ਹੀ ਬਣਾਂਗੇ। ਤੁਹਾਡੇ ਬਿਨਾਂ ਦੂਜਾ ਨਾ ਕੋਈ ਕਿਉਂਕਿ ਤੁਸੀਂ ਹੀ ਗਿਆਨ ਦਾ ਸਾਗਰ, ਸੁੱਖ ਦਾ ਸਾਗਰ, ਪਵਿੱਤਰਤਾ ਦਾ ਸਾਗਰ, ਸੰਪਤੀ ਦਾ ਸਾਗਰ ਹੋ। ਸੰਪਤੀ ਵੀ ਦਿੰਦੇ ਹਨ ਨਾ। ਕਿੰਨਾ ਮਾਲਾਮਾਲ ਕਰ ਦਿੰਦੇ ਹਨ। ਤੁਸੀਂ ਜਾਣਦੇ ਹੋ ਅਸੀਂ ਸ਼ਿਵਬਾਬਾ ਤੋਂ 21 ਜਨਮਾਂ ਦੇ ਲਈ ਝੋਲੀ ਭਰਨ ਆਏ ਹਾਂ ਮਤਲਬ ਨਰ ਤੋਂ ਨਰਾਇਣ ਬਣਦੇ ਹਾਂ। ਭਗਤੀ ਮਾਰਗ ਵਿੱਚ ਕਥਾਵਾਂ ਤਾਂ ਬੜੀਆਂ ਸੁਣੀਆਂ, ਪੌੜੀ ਥੱਲੇ ਉਤਰਦੇ ਹੀ ਆਏ ਹਾਂ। ਚੜਦੀ ਕਲਾ ਕਿਸੇ ਦੀ ਹੋ ਨਹੀਂ ਸਕਦੀ ਹੈ। ਕਲਪ ਦੀ ਉਮਰ ਵੀ ਕਿੰਨੀ ਲੰਬੀ ਚੌੜੀ ਕਰ ਦਿੰਦੇ ਹਨ। ਡਰਾਮਾ ਦੇ ਡਿਊਰੇਸ਼ਨ(ਮਿਆਦ) ਨੂੰ ਲੱਖਾਂ ਸਾਲ ਕਹਿ ਦਿੰਦੇ ਹਨ। ਹੁਣ ਤੁਹਾਨੂੰ ਪਤਾ ਹੈ ਕਲਪ ਹੈ ਹੀ 5000 ਸਾਲ ਦਾ। ਮੈਕਸੀਮਮ(ਵੱਧ ਤੋਂ ਵੱਧ) ਹੈ 84 ਜਨਮ ਅਤੇ ਮਿਨੀਮੱਮ(ਘੱਟ ਤੋਂ ਘੱਟ) ਹੈ ਇੱਕ ਜਨਮ। ਪਿੱਛੇ ਆਉਂਦੇ ਰਹਿੰਦੇ ਹਨ। ਨਿਰਾਕਾਰੀ ਝਾੜ ਹੈ ਨਾ। ਫਿਰ ਨੰਬਰਵਾਰ ਆਉਂਦੇ ਹਨ ਪਾਰਟ ਵਜਾਉਣ ਦੇ ਲਈ। ਅਸਲ ਵਿੱਚ ਅਸੀਂ ਨਿਰਾਕਾਰੀ ਝਾੜ ਦੇ ਹਾਂ। ਫਿਰ ਓਥੋਂ ਆਉਂਦੇ ਹਾਂ ਪਾਰਟ ਵਜਾਉਣ ਦੇ ਲਈ। ਉੱਥੇ ਸਾਰੇ ਪਵਿੱਤਰ ਰਹਿੰਦੇ ਹਨ। ਪਰ ਪਾਰਟ ਸਭ ਦਾ ਵੱਖ-ਵੱਖ ਹੈ। ਇਹ ਬੁੱਧੀ ਵਿੱਚ ਰੱਖੋ। ਝਾੜ ਵੀ ਬੁੱਧੀ ਵਿੱਚ ਰੱਖੋ। ਸਤਿਯੁੱਗ ਤੋਂ ਕਲਯੁੱਗ ਅੰਤ ਤੱਕ ਇਹ ਬਾਪ ਹੀ ਦੱਸਦੇ ਹਨ। ਇਹ ਕੋਈ ਮਨੁੱਖ ਨਹੀਂ ਦੱਸਦੇ ਹਨ, ਦਾਦਾ ਨਹੀਂ ਦੱਸਦੇ ਹਨ। ਇੱਕ ਹੀ ਸਤਿਗੁਰੂ ਹੈ ਜੋ ਸਭ ਦੀ ਸਦਗਤੀ ਕਰਦੇ ਹਨ। ਬਾਕੀ ਤਾਂ ਸਭ ਗੁਰੂ ਹਨ ਭਗਤੀ ਮਾਰਗ ਦੇ। ਕਿੰਨੇ ਕਰਮਕਾਂਡ ਕਰਦੇ ਹਨ। ਭਗਤੀ ਮਾਰਗ ਦਾ ਸ਼ੋ ਕਿੰਨਾ ਹੈ। ਇਹ ਰੁੰਨਯ(ਮ੍ਰਿਗ ਤ੍ਰਿਸ਼ਨਾ) ਦਾ ਪਾਣੀ ਹੈ। ਇਸ ਵਿੱਚ ਇਸ ਤਰ੍ਹਾਂ ਫੱਸੇ ਹਨ ਜੋ ਕੋਈ ਕੱਢਣ ਜਾਂਦੇ ਹਨ ਤਾਂ ਖੁਦ ਹੀ ਫੱਸ ਜਾਂਦੇ ਹਨ। ਇਹ ਵੀ ਡਰਾਮਾ ਵਿੱਚ ਨੂੰਧ ਹੈ। ਕੋਈ ਨਵੀਂ ਗੱਲ ਨਹੀਂ ਹੈ। ਤੁਹਾਡਾ ਸੈਕੰਡ-ਸੈਕੰਡ ਜੋ ਪਾਸ ਹੁੰਦਾ ਹੈ, ਸਾਰਾ ਡਰਾਮਾ ਬਣਿਆ ਹੋਇਆ ਹੈ। ਤੁਸੀਂ ਜਾਣਦੇ ਹੋ ਹੁਣ ਅਸੀਂ ਬੇਹੱਦ ਦੇ ਬਾਪ ਤੋਂ ਰਾਜਯੋਗ ਸਿੱਖ ਨਰ ਤੋਂ ਨਰਾਇਣ, ਵਿਸ਼ਵ ਦਾ ਮਾਲਿਕ ਬਣਦੇ ਹਾਂ। ਤੁਹਾਨੂੰ ਬੱਚਿਆਂ ਨੂੰ ਇਹ ਨਸ਼ਾ ਰਹਿਣਾ ਚਾਹੀਦਾ ਹੈ। ਬੇਹੱਦ ਦਾ ਬਾਪ ਪੰਜ-ਪੰਜ ਹਜ਼ਾਰ ਸਾਲ ਬਾਅਦ ਭਾਰਤ ਵਿੱਚ ਹੀ ਆਉਂਦੇ ਹਨ। ਉਹ ਸ਼ਾਂਤੀ ਦਾ ਸਾਗਰ, ਸੁੱਖ ਦਾ ਸਾਗਰ ਹੈ। ਇਹ ਮਹਿਮਾ ਪਾਰਲੌਕਿਕ ਬਾਪ ਦੀ ਹੈ। ਤੁਸੀਂ ਜਾਣਦੇ ਹੋ ਇਹ ਮਹਿਮਾ ਬਿਲਕੁਲ ਠੀਕ ਹੈ। ਸਭ ਕੁਝ ਇੱਕ ਤੋਂ ਹੀ ਮਿਲਦਾ ਹੈ। ਉਹੀ ਦੁੱਖ ਹਰਤਾ, ਸੁੱਖ ਕਰਤਾ ਹੈ, ਜਿਸਦੇ ਸਾਹਮਣੇ ਤੁਸੀਂ ਬੈਠੇ ਹੋ।

ਤੁਸੀਂ ਆਪਣੇ ਸੈਂਟਰ ਤੇ ਬੈਠੇ ਹੋਵੋਗੇ ਤਾਂ ਕਿਥੇ ਯੋਗ ਲਗਾਵੋਗੇ। ਬੁੱਧੀ ਵਿੱਚ ਆਵੇਗਾ ਸ਼ਿਵਬਾਬਾ ਮਧੂਬਨ ਵਿੱਚ ਹੈ। ਉਸਨੂੰ ਹੀ ਯਾਦ ਕਰਦੇ ਹੋ। ਸ਼ਿਵ ਬਾਬਾ ਖੁਦ ਕਹਿੰਦੇ ਹਨ ਮੈਂ ਸਾਧਾਰਨ ਬੁੱਢੇ ਤਨ ਵਿੱਚ ਪ੍ਰਵੇਸ਼ ਕੀਤਾ ਹੈ, ਫਿਰ ਤੋਂ ਭਾਰਤ ਨੂੰ ਸਵਰਗ ਬਣਾਉਣ ਦੇ ਲਈ। ਮੈਂ ਡਰਾਮਾ ਦੇ ਬੰਧਨ ਵਿੱਚ ਬੰਨਿਆ ਹੋਇਆ ਹਾਂ। ਤੁਸੀਂ ਮੇਰੀ ਕਿੰਨੀ ਗਲਾਨੀ ਕਰਦੇ ਹੋ। ਮੈਂ ਤੁਹਾਨੂੰ ਪੂਜਨ ਲਾਇਕ ਬਣਾਉਂਦਾ ਹਾਂ। ਕਲ ਦੀ ਗੱਲ ਹੈ। ਤੁਸੀਂ ਕਿੰਨੀ ਪੂਜਾ ਕਰਦੇ ਸੀ। ਤੁਹਾਨੂੰ ਆਪਣਾ ਰਾਜ ਭਾਗ ਦਿੱਤਾ। ਸਭ ਗਵਾ ਦਿੱਤਾ। ਹੁਣ ਫਿਰ ਤੁਹਾਨੂੰ ਵਿਸ਼ਵ ਦਾ ਮਾਲਿਕ ਬਣਾਉਂਦਾ ਹਾਂ। ਕਦੇ ਕਿਸੇ ਦੀ ਬੁੱਧੀ ਵਿੱਚ ਨਹੀਂ ਬੈਠੇਗਾ। ਇਹ ਹਨ ਦੈਵੀਗੁਣ ਵਾਲੇ ਦੇਵਤਾ। ਹੈ ਤਾਂ ਮਨੁੱਖ, ਕੋਈ 80-100 ਫੁੱਟ ਲੰਬੇ ਤਾਂ ਨਹੀਂ ਹਨ। ਇਵੇਂ ਨਹੀਂ ਕਿ ਉਨ੍ਹਾਂ ਦੀ ਉੱਮਰ ਕੋਈ ਵੱਡੀ ਹੈ ਇਸ ਲਈ ਛੱਤ ਜਿੰਨੇ ਵੱਡੇ ਹੋਣਗੇ। ਕਲਯੁੱਗ ਵਿੱਚ ਤੁਹਾਡੀ ਉੱਮਰ ਘੱਟ ਹੋ ਜਾਂਦੀ ਹੈ। ਬਾਪ ਆ ਕੇ ਤੁਹਾਡੀ ਉੱਮਰ ਵੱਡੀ ਕਰ ਦਿੰਦੇ ਹਨ ਇਸਲਈ ਬਾਪ ਕਹਿੰਦੇ ਹਨ ਹੈਲਥ ਮਨਿਸਟਰ ਨੂੰ ਵੀ ਸਮਝਾਓ। ਬੋਲੋ, ਅਸੀਂ ਤੁਹਾਨੂੰ ਇਵੇਂ ਦੀ ਯੁਕਤੀ ਦੱਸੀਏ ਜੋ ਕਦੇ ਬੀਮਾਰ ਨਾਂ ਹੋਣਾ ਪਵੇ। ਭਗਵਾਨੁਵਾਚ - ਆਪਣੇ ਨੂੰ ਆਤਮਾ ਸਮਝ ਮਾਮੇਕਮ ਯਾਦ ਕਰੋ ਤਾਂ ਤੁਸੀਂ ਪਤਿਤ ਤੋਂ ਪਾਵਨ ਏਵਰਹੈਲਥੀ ਬਣ ਜਾਵੋਗੇ। ਅਸੀਂ ਗਰੰਟੀ ਕਰਦੇ ਹਾਂ। ਯੋਗੀ ਪਵਿੱਤਰ ਹੁੰਦੇ ਹਨ ਉੱਮਰ ਵੀ ਵੱਡੀ ਹੁੰਦੀ ਹੈ। ਹੁਣ ਤੁਸੀਂ ਰਾਜਯੋਗੀ, ਰਾਜਰਿਸ਼ੀ ਹੋ। ਉਹ ਸੰਨਿਆਸੀ ਤਾਂ ਕਦੇ ਰਾਜਯੋਗ ਸਿਖਾ ਨਹੀਂ ਸਕਦੇ ਹਨ। ਉਹ ਕਹਿੰਦੇ ਹਨ ਗੰਗਾ ਪਤਿਤ ਪਾਵਨੀ ਹੈ, ਉੱਥੇ ਦਾਨ ਕਰੋ। ਹੁਣ ਗੰਗਾ ਵਿੱਚ ਥੋੜੀ ਦਾਨ ਕੀਤਾ ਜਾਂਦਾ ਹੈ। ਮਨੁੱਖ ਪੈਸੇ ਪਾਉਂਦੇ ਹਨ। ਪੰਡਿਤ ਲੋਕ ਲੈ ਜਾਂਦੇ ਹਨ। ਹੁਣ ਤੁਸੀਂ ਬਾਪ ਦੁਆਰਾ ਪਾਵਨ ਬਣ ਰਹੇ ਹੋ। ਬਾਪ ਨੂੰ ਦਿੰਦੇ ਕੀ ਹੋ? ਕੁਝ ਨਹੀਂ, ਬਾਪ ਤਾਂ ਦਾਤਾ ਹੈ। ਤੁਸੀਂ ਭਗਤੀ ਮਾਰਗ ਵਿੱਚ ਈਸ਼ਵਰ ਅਰਥ ਗਰੀਬਾਂ ਨੂੰ ਦਿੰਦੇ ਸੀ। ਗੋਇਆ ਪਤਿਤਾਂ ਨੂੰ ਦਿੰਦੇ ਸੀ। ਤੁਸੀਂ ਵੀ ਪਤਿਤ ਲੈਣ ਵਾਲੇ ਵੀ ਪਤਿਤ। ਹੁਣ ਤੁਸੀਂ ਪਾਵਨ ਬਣਦੇ ਹੋ। ਉਹ ਪਤਿਤ, ਪਤਿਤ ਨੂੰ ਦਾਨ ਕਰਦੇ ਹਨ। ਕੁਮਾਰੀ ਜੋ ਪਹਿਲਾਂ ਪਵਿੱਤਰ ਸੀ ਉਸ ਨੂੰ ਵੀ ਦਾਨ ਦਿੰਦੇ ਹਨ, ਮੱਥਾ ਟੇਕਦੇ ਹਨ, ਖਵਾਉਂਦੇ ਹਨ, ਦਖਣਾ ਵੀ ਦਿੰਦੇ ਹਨ। ਵਿਆਹ ਤੋਂ ਬਾਅਦ ਬਰਬਾਦੀ ਹੋ ਜਾਂਦੀ ਹੈ। ਡਰਾਮਾ ਵਿੱਚ ਨੂੰਧ ਹੈ ਫਿਰ ਵੀ ਇਵੇਂ ਹੀ ਰਪੀਟ ਹੋਵੇਗਾ। ਭਗਤੀ ਮਾਰਗ ਦਾ ਵੀ ਪਾਰਟ ਹੋਇਆ। ਸਤਿਯੁੱਗ ਦਾ ਵੀ ਸਮਾਚਾਰ ਬਾਪ ਸੁਣਾਉਂਦੇ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਸਮਝ ਮਿਲੀ ਹੈ। ਪਹਿਲੇ ਬੇਸਮਝ ਸੀ। ਸ਼ਾਸਤਰਾਂ ਵਿੱਚ ਹਨ ਭਗਤੀ ਮਾਰਗ ਦੀਆਂ ਗੱਲਾਂ, ਉਸ ਨਾਲ ਮੈਨੂੰ ਕੋਈ ਨਹੀਂ ਪਾ ਸਕਦਾ ਹੈ। ਮੈਂ ਜਦੋ ਆਉਂਦਾ ਹਾਂ, ਫਿਰ ਹੀ ਆਕੇ ਸਦਗਤੀ ਕਰਦਾ ਹਾਂ ਸਭ ਦੀ। ਅਤੇ ਮੈਂ ਇੱਕ ਹੀ ਵਾਰ ਆਕੇ ਪੁਰਾਣੇ ਨੂੰ

ਨਵਾਂ ਬਣਾਉਂਦਾ ਹਾਂ। ਮੈਂ ਗਰੀਬ ਨਿਵਾਜ਼ ਹਾਂ। ਗਰੀਬਾਂ ਨੂੰ ਸਾਹੂਕਾਰ ਬਣਾਉਂਦਾ ਹਾਂ। ਗਰੀਬ ਤਾਂ ਝੱਟ ਬਾਬਾ ਦਾ ਬਣ ਜਾਂਦੇ ਹਨ। ਕਹਿੰਦੇ ਹਨ ਬਾਬਾ ਅਸੀਂ ਤੁਹਾਡੇ ਹਾਂ। ਇਹ ਸਭ ਕੁਝ ਤੁਹਾਡਾ ਹੈ। ਬਾਪ ਕਹਿੰਦੇ ਹਨ ਟਰੱਸਟੀ ਹੋ ਕੇ ਰਹੋ। ਬੁੱਧੀ ਨਾਲ ਸਮਝੋ ਇਹ ਸਾਡਾ ਨਹੀਂ ਹੈ, ਬਾਪ ਦਾ ਹੈ। ਇਸ ਵਿੱਚ ਬੜੇ ਸਿਆਣੇ ਬੱਚੇ ਚਾਹੀਦੇ ਹਨ। ਫਿਰ ਤੁਸੀਂ ਘਰ ਵਿੱਚ ਭੋਜਨ ਬਣਾ ਕੇ ਖਾਂਦੇ ਹੋ ਤਾਂ ਮਤਲਬ ਕੀ ਯੱਗ ਤੋਂ ਖਾਂਦੇ ਹੋ ਕਿਉਂਕਿ ਤੁਸੀਂ ਵੀ ਯੱਗ ਦੇ ਹੋਏ। ਸਭ ਕੁਝ ਯੱਗ ਦਾ ਹੋ ਗਿਆ। ਘਰ ਵਿੱਚ ਵੀ ਟਰੱਸਟੀ ਹੋਕੇ ਰਹਿੰਦੇ ਹੋ ਤਾਂ ਸ਼ਿਵਬਾਬਾ ਦੇ ਭੰਡਾਰੇ ਤੋਂ ਖਾਂਦੇ ਹੋ। ਪਰ ਪੂਰਾ ਨਿਸ਼ਚੈ ਚਾਹੀਦਾ ਹੈ। ਨਿਸ਼ਚੈ ਵਿੱਚ ਗੜਬੜ ਹੋਈ ਤਾਂ... ਹਰੀਸ਼ਚੰਦਰ ਦਾ ਮਿਸਾਲ ਦਿੰਦੇ ਹਨ। ਬਾਬਾ ਨੂੰ ਤਾਂ ਸਭ ਕੁਝ ਦੱਸਣਾ ਹੈ। ਮੈਂ ਗਰੀਬ ਨਿਵਾਜ਼ ਹਾਂ।

ਗੀਤ :- ਆਖ਼ਿਰ ਉਹ ਦਿਨ ਆਇਆ ਅੱਜ...

ਅੱਧਾਕਲਪ ਭਗਤੀ ਵਿੱਚ ਯਾਦ ਕੀਤਾ ਹੁਣ ਆਖਿਰ ਮਿਲਿਆ। ਅਜੇ ਗਿਆਨ ਜਿੰਦਾਬਾਦ ਹੋਣਾ ਹੈ। ਸਤਿਯੁੱਗ ਜ਼ਰੂਰ ਆਉਣਾ ਹੈ। ਵਿੱਚ ਹੈ ਸੰਗਮ, ਜਿਸ ਨਾਲ ਤੁਸੀਂ ਉੱਤਮ ਤੋਂ ਉੱਤਮ ਪੁਰਖ ਬਣਦੇ ਹੋ। ਤੁਸੀਂ ਪਵਿੱਤਰ ਮਾਰਗ ਵਾਲੇ ਸੀ। ਫਿਰ 84 ਜਨਮ ਦੇ ਬਾਅਦ ਅਪਵਿੱਤਰ ਬਣਦੇ ਹੋ, ਫਿਰ ਪਵਿੱਤਰ ਬਣਨਾ ਹੈ। ਕਲਪ ਪਹਿਲਾਂ ਵੀ ਤੁਸੀਂ ਇਵੇਂ ਹੀ ਬਣੇ ਸੀ। ਕਲਪ ਪਹਿਲਾਂ ਜਿਸਨੇ ਜਿਨਾਂ ਪੁਰਸ਼ਾਰਥ ਕੀਤਾ ਹੈ ਓਹੀ ਕਰਨਗੇ। ਆਪਣਾ ਵਰਸਾ ਲੈਣਗੇ। ਸਾਕਸ਼ੀ ਹੋ ਦੇਖਦੇ ਹਾਂ। ਬਾਪ ਕਹਿੰਦੇ ਹਨ ਤੁਸੀਂ ਮਸੈਂਜਰ ਹੋ ਅਤੇ ਹੋਰ ਕੋਈ ਮਸੈਂਜਰ, ਪੈਗੰਬਰ ਹੁੰਦੇ ਨਹੀਂ। ਸਤਿਗੁਰੂ ਸਦਗਤੀ ਕਰਨ ਵਾਲਾ ਇੱਕ ਹੈ। ਬਾਕੀ ਧਰਮ ਆਤਮਾਵਾਂ ਆਉਂਦੀਆਂ ਹਨ ਧਰਮ ਸਥਾਪਨ ਕਰਨ ਦੇ ਲਈ। ਤਾਂ ਗੁਰੂ ਕਿਵੇਂ ਠਹਿਰੇ। ਮੈਂ ਤਾਂ ਸਭ ਨੂੰ ਸਦਗਤੀ ਦਿੰਦਾ ਹਾਂ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਦਾ ਇਸ ਨਸ਼ੇ ਵਿੱਚ ਰਹਿਣਾ ਹੈ ਕਿ ਸ਼ਾਂਤੀ, ਸੁੱਖ, ਸੰਪਤੀ ਸਾਗਰ ਬਾਪ ਸਾਨੂੰ ਮਿਲਿਆ ਹੈ, ਸਾਨੂੰ ਸਭ ਕੁਝ ਇੱਕ ਤੋਂ ਹੀ ਮਿਲਦਾ ਹੈ। ਇਵੇਂ ਦੇ ਬਾਪ ਦੇ ਸਾਹਮਣੇ ਅਸੀਂ ਬੈਠੇ ਹਾਂ। ਉਹ ਸਾਨੂੰ ਪੜਾ ਰਹੇ ਹਨ।

2. ਆਪਣਾ ਹੰਕਾਰ ਛੱਡ ਬਾਪ ਸਮਾਨ ਨਿਸ਼ਕਾਮ ਸੇਵਾ ਕਰਨੀ ਹੈ। ਨਿਰਹੰਕਾਰੀ ਹੋਕੇ ਰਹਿਣਾ ਹੈ। ਮੈਂਸੇਜਰ - ਪੈਗੰਬਰ ਬਣ ਸਭ ਨੂੰ ਪੈਗਾਮ ਦੇਣਾ ਹੈ।

ਵਰਦਾਨ:- ਸਰਵ ਪਦਾਰਥਾਂ ਦੀਆਂ ਅਸਕਤੀਆਂ ਤੋਂ ਨਿਆਰੇ ਅਨਾਸਕਤ ਪ੍ਰਾਕ੍ਰਿਤੀ ਜਿੱਤ ਭਵ।

ਜੇਕਰ ਕੋਈ ਵੀ ਪਦਾਰਥ ਕ੍ਰਮਿੰਦ੍ਰਿਆਂ ਨੂੰ ਵਿਚਲਿਤ ਕਰਦਾ ਹੈ ਮਤਲਬ ਆਸਕਤੀ ਦਾ ਭਾਵ ਪੈਦਾ ਹੁੰਦਾ ਹੈ ਤਾਂ ਵੀ ਨਿਆਰੇ ਨਹੀਂ ਬਣ ਸਕੋਗੇ। ਇੱਛਾਵਾਂ ਹੀ ਅਸਕਤੀਆਂ ਦਾ ਰੂਪ ਹੈ। ਕਈ ਕਹਿੰਦੇ ਹਨ ਇੱਛਾ ਨਹੀਂ ਹੈ ਪਰ ਚੰਗਾ ਲਗਦਾ ਹੈ। ਤਾਂ ਇਹ ਵੀ ਸੂਖਸ਼ਮ ਆਸਕਤੀ ਹੈ - ਇਸ ਦੀ ਮਹੀਨ ਰੂਪ ਨਾਲ ਚੈਕਿੰਗ ਕਰੋ ਕਿ ਇਹ ਪਦਾਰਥ ਮਤਲਬ ਅਲਪਕਾਲ ਸੁਖ ਦੇ ਸਾਧਨ ਆਕਰਸ਼ਿਤ ਤੇ ਨਹੀਂ ਕਰਦੇ ਹਨ? ਇਹ ਪਦਾਰਥ ਪ੍ਰਾਕ੍ਰਿਤੀ ਦੇ ਸਾਧਨ ਹਨ ਜਦੋਂ ਇਨ੍ਹਾਂ ਤੋਂ ਅਨਾਸਕਤ ਮਤਲਬ ਨਿਆਰੇ ਬਣੋਗੇ ਤਾਂ ਪ੍ਰਾਕ੍ਰਿਤੀ ਜਿੱਤ ਬਣੋਗੇ।

ਸਲੋਗਨ:- ਮੇਰੇ - ਮੇਰੇ ਦੇ ਝਮੇਲਿਆ ਨੂੰ ਛੱਡ ਬੇਹੱਦ ਵਿੱਚ ਰਹੋ ਤਾਂ ਕਹਾਂਗੇ ਵਿਸ਼ਵ ਕਲਿਆਣਕਾਰੀ।

******